**ਸਫਾਈ ਕਾਮਿਆਂ/ਕੱਚੇ ਮੁਲਾਜਮਾਂ ਦੀਆਂ ਮੰਗਾਂ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 31-10-2011 ਨੂੰ ਸਾਮ 4.00 ਵਜੇ ਉਨ੍ਹਾਂ ਦੇ ਨਿਵਾਸ ਸਥਾਨ ਵਿਖੇ ਹੋਈ ਮੀਟਿੰਗ ਦੀ ਕਾਰਵਾਈ।**

ਜਿਨ੍ਹਾਂ ਅਧਿਕਾਰੀਆਂ/ਯੂਨੀਅਨ ਦੇ ਨੁਮਾਇੰਦਿਆਂ ਵਲੋਂ ਮੀਟਿੰਗ ਵਿੱਚ ਭਾਗ ਲਿਆ ਸੀ, ਦੀ ਲਿਸਟ ਅਨੁਲਗ 'ੳ' ਤੇ ਹੈ।

ਮੁਲਾਜਮਾਂ ਦੀਆਂ ਵੱਖ-ਵੱਖ ਜੱਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਦਰਾਂ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

1) ਕੱਚੇ ਮੁਲਾਜਮ ਪੱਕੇ ਕਰਨ ਬਾਰੇ।

(ੳ) ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਸ1-ਜਸ-ਡਸਸ-08/36066-70 ਅਤੇ 36071-76, ਮਿਤੀ 25-11-2008 ਰਾਹੀਂ ਸਮੂਹ ਕਮਿਸ਼ਨਰ-ਨਗਰ ਨਿਗਮ ਅਤੇ ਸਮੂਹ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆ ਸਨ ਕਿ ਮੁਹੱਲਾਂ ਸੈਨੀਟੇਸ਼ਨ ਕਮੇਟੀਆਂ ਵਿੱਚ ਕੰਮ ਕਰਦੇ ਸਫਾਈ ਸੇਵਕਾਂ ਦੀ ਸੇਵਾ ਨੂੰ ਰੈਗੂਲਰ ਕਰਨ ਲਈ ਕੱਟ ਆਫ ਡੇਟ 1-4-2008 ਨਿਸਚਿਤ ਕੀਤੀ ਗਈ ਸੀ। ਹੁਣ ਫੈਸਲਾ ਕੀਤਾ ਜਾਂਦਾ ਹੈ ਕਿ ਜਿਹੜੇ ਕੱਚੇ ਜਾਂ ਮੁਹੱਲਾ ਸੈਨੀਟੇਸਨ ਕਮੇਟੀਆਂ ਵਿੱਚ ਕੰਮ ਕਰਦੇ ਮੁਲਾਜਮ ਮਿਤੀ 1-04-2008 ਨੂੰ ਸੇਵਾ ਵਿੱਚ ਸਨ ਅਤੇ ਹੁਣ ਵੀ ਸੇਵਾ ਵਿੱਚ ਹਨ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਂਦਾ ਹੈ। ਇਸ ਸਬੰਧੀ ਕਾਰਵਾਈ ਸਬੰਧਤ ਸਹਿਰੀ ਸਥਾਨਕ ਸੰਸਥਾਵਾਂ ਵਲੋਂ ਆਪਣੇ ਪੱਧਰ ਤੇ ਹੋਂਦ ਵਿੱਚ ਲਿਆਂਦੀ ਜਾਵੇਗੀ।

(ਅ) ਕਨਟੈਰੈਕਟ ਤੇ ਕੰਮ ਕਰ ਰਹੇ ਗੈਰ ਪ੍ਰਾਂਤੀਕਰਨ ਕਰਮਚਾਰੀ ਜਿਨ੍ਹਾਂ ਨੂੰ ਯੋਗ ਵਿਧੀ ਰਾਂਹੀ ਨਿਯੁਕਤ ਕੀਤਾ ਗਿਆ ਹੈ ਅਤੇ ਜਿਨ੍ਹਾਂ ਦੀ ਸੇਵਾ ਤਿੰਨ ਸਾਲ ਦੀ ਹੋ ਚੁੱਕੀ ਹੈ, ਉਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਫੈਸਲਾ ਲਿਆ ਗਿਆ।

(ੲ) ਟੇਰ ਦਿਹਾੜੀਦਾਰ, ਵਰਕਚਾਰਜ ਆਦਿ ਤੇ ਕੰਮ ਕਰ ਰਹੇ ਉਨ੍ਹਾਂ ਕਰਮਚਾਰੀਆਂ ਨੂੰ ਜਿਨ੍ਹਾਂ ਨੇ ਦੰਸਬਰ 2006 ਵਿੱਚ 10 ਸਾਲ ਦੀ ਸੇਵਾ

ਪੂਰੀ ਕਰ ਲਈ ਹੈ, ਦੀਆਂ ਸੇਵਾਵਾਂ ਵੀ ਰੈਗੂਲਰ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਕਾਰਵਾਈ ਸਬੰਧਤ ਸਹਿਰੀ ਸਥਾਨਕ ਸੰਸਥਾਵਾਂ ਵਲੋਂ ਆਪਣੇ ਪੱਧਰ ਤੇ ਹੋਂਦ ਵਿੱਚ ਲਿਆਂਦੀ ਜਾਵੇਗੀ।

2) <u>ਪੈਨਸ਼ਨ ਸਕੀਮ ਬਾਰੇ:</u>

ਅਜਿਹੇ ਸਮੂਹ ਕਾਮੇ/ਕਰਮਚਾਰੀ ਜਿਹੜੇ ਪੈਨਸ਼ਨ ਸਬੰਧੀ ਸਮੇਂ ਸਿਰ ਆਪਣੀ ਆਪਸ਼ਨ ਨਹੀਂ ਦੇ ਸਕੇ ਸਨ, ਬਾਰੇ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਕਾਮੇ/ਕਰਮਚਾਰੀ ਪੈਨਸ਼ਨ ਸਕੀਮ ਅਡਾਪਟ ਕਰਨਾ ਚਾਹੁੰਦੇ ਹਨ, ਉਹ ਮਿਤੀ 31-12-2011 ਤੱਕ ਆਪਣੀਆਂ ਆਪਸ਼ਨਾਂ ਦੇ ਸਕਦੇ ਹਨ।

ਮੀਟਿੰਗ ਸਭਾਪਤੀ ਜੀ ਦੇ ਧੰਨਵਾਦ ਮਤੇ ਸਹਿਤ ਸਮਾਪਤ ਹੋਈ।

**ਡਾਇਰੈਕਟੋਰੇਟ ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ**

(ਜਨਰਲ ਸਾਖਾ)

ਪਿੱਠ ਅੰਕਣ ਨੰ: ਸ1-ਜਸ-ਡਸਸ-11/34583-607 ਮਿਤੀ:- 14-11-2011

ਉਰੋਕਤ ਮੀਟਿੰਗ ਦੀ ਕਾਰਵਾਈ ਦੀ ਨਕਲ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1) ਸਮੂਹ ਕਮਿਸ਼ਨਰ, ਨਗਰ ਨਿਗਮ(ਪੰਜਾਬ ਰਾਜ ਵਿਚ);
2) ਸਮੂਹ ਅਧਿਕਾਰੀ, ਸਥਾਨਕ ਸਰਕਾਰ ਵਿਭਾਗ, ਪੰਜਾਬ;
3) ਸਮੂਹ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ(ਪੰਜਾਬ ਰਾਜ ਵਿਚ);
4) ਸਮੂਹ ਸੁਪਰਡੈਂਟ(ਸਕੱਤਰੇਤ ਅਤੇ ਡਾਇਰੈਕਟੋਰੇਟ), ਸਥਾਨਕ ਸਰਕਾਰ, ਪੰਜਾਬ;
5) ਸ੍ਰੀ ਵਿਜੈ ਦਾਨਵ, ਚੇਅਰਮੈਨ, ਦਲਿਤ ਵਿਕਾਸ ਬੋਰਡ, ਪੰਜਾਬ।
6) ਸ੍ਰੀ ਰਾਜ ਕੁਮਾਰ ਅਤਿਰਾਏ, ਚੇਅਰਮੈਨ, ਸਫਾਈ ਕਰਮਚਾਰੀ ਭਲਾਈ ਬੋਰਡ, ਪੰਜਾਬ, ਚੰਡੀਗੜ੍ਹ;
7) ਸ੍ਰੀ ਸਰਦਾਰੀ ਲਾਲ ਸਰਮਾ, ਪ੍ਰਧਾਨ, ਨਗਰ ਪਾਲਕਾ ਕਰਮਚਾਰੀ ਸੰਗਠਨ, ਨਗਰ ਕੌਂਸਲ, ਕਪੂਰਥਲਾ;

ਸੁਪਰਡੈਂਟ

<u>ਕਾਪੀ:-</u>

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ;
2) ਨਿਜੀ ਸਕੱਤਰ/ਉਪ ਮੁੱਖ ਮੰਤਰੀ, ਪੰਜਾਬ;
3) ਨਿੱਜੀ ਸਕੱਤਰ/ਸਥਾਨਕ ਸਰਕਾਰ ਮੰਤਰੀ, ਪੰਜਾਬ;
4) ਨਿਜੀ ਸਕੱਤਰ/ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ; ਅਤੇ
5) ਨਿਜੀ ਸਹਾਇਕ/ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ।